# ਪੰਜਾਬ ਸਕੂਲ ਸਿੱਖਿਆ ਬੋਰਡ

## ਸਾਲ/ਸੈਸ਼ਨ 2014-15 ਲਈ ਨੌਂਵੀਂ (IX) ਅਤੇ ਦੱਸਵੀਂ (X) ਸ਼੍ਰੇਣੀ ਵਿੱਚ ਵਿਦਿਆਰਥੀਆਂ ਦੀ ਰਜਿਸਟਰੇਸ਼ਨ/ਕੰਟੀਨਿਊਏਸ਼ਨ ਰਿਟਰਨਾਂ ਆਨ ਲਾਈਨ ਭਰਨ ਸਬੰਧੀ ਹਦਾਇਤਾਂ

ਰਜਿਸਟਰੇਸ਼ਨ/ਕੰਟੀਨਿਊਏਸ਼ਨ ਸਬੰਧੀ ਹਦਾਇਤਾਂ/ਸਹਾਇਤਾ/ਫੀਸਾਂ ਦਾ ਸ਼ਡਿਊਲ ਆਦਿ ਬੋਰਡ ਦੀ ਵੈਬ ਸਾਈਟ www.pseb.ac.in Under Registration Section ਤੇ ਉਪਲੱਬਧ ਹਨ। ਬੋਰਡ ਵੱਲੋਂ ਕੋਈ ਵੀ ਰਜਿਸਟਰੇਸ਼ਨ /ਕੰਟੀਨਿਊਏਸ਼ਨ ਫਾਰਮ ਵੱਖਰੇ ਤੌਰ ਤੇ ਨਹੀਂ ਭੇਜਿਆ ਜਾਵੇਗਾ। ਸਿਰਫ ਆਨਲਾਈਨ ਭਰੇ ਹੋਏ ਫਾਰਮ ਹੀ ਮੰਨਣਯੋਗ ਹੋਣਗੇ।

**ਆਨਲਾਈਨ ਰਿਟਰਨ ਫਾਰਮ ਭਰਨ ਸਬੰਧੀ ਹਦਾਇਤਾਂ ਨੂੰ ਧਿਆਨ ਨਾਲ ਪੜ੍ਹਿਆ ਜਾਵੇ :-**

1. ਵੇਰਵੇ ਦਾਖਲਾ ਖਾਰਜ ਰਜਿਸਟਰ ਮੁਤਾਬਕ ਅਤੇ ਪੂਰੇ ਭਰਨੇ ਜ਼ਰੂਰੀ ਹਨ। ਦਾਖਲਾ ਖਾਰਜ- ਰਜਿਸਟਰ ਵਿੱਚ ਕਿਸੇ ਵੀ ਤਰ੍ਹਾਂ ਦੀ ਸੋਧ ਤੇ ਸਕੂਲ ਮੁੱਖੀ ਦੇ ਹਸਤਾਖਰ ਅਤੇ ਸਕੂਲ ਦੀ ਮੋਹਰ ਲੱਗੀ ਹੋਣੀ ਜਰੂਰੀ ਹੈ। ਦਫਤਰ ਵਿੱਚ ਰਿਟਰਨ ਪ੍ਰਾਪਤ ਹੋਣ ਤੋ ਬਾਅਦ ਜੇਕਰ ਵਿਦਿਆਰਥੀ ਦੇ ਵੇਰਵੇ ਭਰਨ ਸਮੇਂ ਸਕੂਲ ਵੱਲੋਂ ਕੋਈ ਗਲਤੀ ਹੁੰਦੀ ਹੈ , ਤਾਂ ਇਸ ਦੀ ਜਿੰਮੇਵਾਰੀ ਸਕੂਲ ਮੁੱਖੀ ਦੀ ਆਪਣੀ ਹੋਵੇਗੀ।

2. ਨੌਂਵੀ(IX) ਸ਼੍ਰੇਣੀ ਵਿੱਚ ਉਹ ਵਿਦਿਆਰਥੀ ਹੀ ਦਾਖਲ ਹੋਣੇ ਚਾਹੀਦੇ ਹਨ,ਜਿੰਨ੍ਹਾਂ ਨੇ ਅੱਠਵੀਂ ਸ਼੍ਰੇਣੀ ਸਰਕਾਰੀ/ਏਡਿਡ/ਐਫੀਲੀਏਟਿਡ ਅਤੇ ਐਸੋਸੀਏਟਿਡ ਸਕੂਲ ਤੋਂ ਪਾਸ ਕੀਤੀ ਹੋਵੇ ਅਤੇ ਇਸੇ ਤਰ੍ਹਾਂ ਦੱਸਵੀਂ(X) ਸ਼੍ਰੇਣੀ ਵਿੱਚ ਉਹ ਵਿਦਿਆਰਥੀ ਹੀ ਦਾਖਲ ਹੋਣੇ ਚਾਹੀਦੇ ਹਨ, ਜਿਨ੍ਹਾਂ ਨੇ ਨੌਂਵੀ ਸ਼੍ਰੇਣੀ ਸਰਕਾਰੀ/ਏਡਿਡ/ਐਫੀਲੀਏਟਿਡ ਅਤੇ ਐਸੋਸੀਏਟਿਡ ਸਕੂਲ ਤੋਂ ਪਾਸ ਕੀਤੀ ਹੋਵੇ।

3. ਦਸਵੀਂ ਸ਼੍ਰੇਣੀ ਦਾ ਪਰੀਖਿਆ ਫਾਰਮ ਭੇਜਣ ਵੇਲੇ ਵਿਦਿਆਰਥੀਆਂ ਦਾ ਰਜਿਸਟਰੇਸ਼ਨ ਨੰਬਰ ਜਰੂਰ ਲੱਗਿਆ ਹੋਣਾ ਚਾਹੀਦਾ ਹੈ। ਇਸ ਸਬੰਧੀ ਜਿੰਮੇਵਾਰੀ ਸਕੂਲ ਮੁਖੀ ਦੀ ਹੈ। ਕਿਸੇ ਵੀ ਵਿਦਿਆਰਥੀ ਨੂੰ ਆਪਣੇ ਪੱਧਰ ਤੇ ਰਜਿਸਟਰੇਸ਼ਨ ਨੰਬਰ ਨਾ ਲਗਾਇਆ ਜਾਵੇ।

4. ਆਨ ਲਾਈਨ ਫਾਰਮ ਐਨ-2 (ਨੌਂਵੀਂ ਸ਼੍ਰੇਣੀ) ਅਤੇ ਅਤੇ ਐਮ-2 (ਦਸਵੀਂ ਸ਼੍ਰੇਣੀ) ਭਰਨ ਤੋਂ ਬਾਅਦ ਹੇਠ ਦਰਸਾਏ ਦਸਤਾਵੇਜ਼ (ਲੜੀ ਨੰ:1,2) ਸਮਾਨਤਾ ਪੱਤਰ ਲੈਣ ਉਪਰੰਤ ਮੁੱਖ ਦਫਤਰ (ਰਜਿਸਟਰੇਸ਼ਨ ਸ਼ਾਖਾ) ਵਿਖੇ ਭੇਜਣੇ ਜਰੂਰੀ ਹਨ :-

    (1) ਵਿੱਦਿਅਕ ਸੈਸ਼ਨ ਦੌਰਾਨ ਜਾਂ ਹੇਠਲੀ ਪਰੀਖਿਆ ਪਾਸ ਕਰਨ ਉਪਰੰਤ ਸਕੂਲ ਛੱਡਣ ਦਾ ਸਰਟੀਫਿਕੇਟ ਸਬੰਧਤ ਦੂਜੇ ਰਾਜ/ਬੋਰਡ ਦੇ ਜ਼ਿਲ੍ਹਾ ਸਿੱਖਿਆ ਅਫਸਰ ਜਾਂ ਸਮਰੱਥ ਅਧਿਕਾਰੀ ਦੁਆਰਾ ਪ੍ਰਤੀ ਹਸਤਾਖਰ ਹੋਣਾ ਚਾਹੀਦਾ ਹੈ।

    (2) ਜਿਸ ਸ਼੍ਰੇਣੀ ਵਿੱਚ ਦਾਖਲ ਹੋਣਾ ਹੈ, ਉਸ ਤੋਂ ਪਹਿਲੀ ਸ਼੍ਰੇਣੀ ਪਾਸ ਹੋਣ ਦਾ ਸਬੂਤ (ਡਿਟੇਲ ਮਾਰਕਸ ਕਾਰਡ/ਸਰਟੀਫਿਕੇਟ ਦੀ ਤਸਦੀਕ ਸ਼ੁਦਾ ਫੋਟੋਸਟੇਟ ਕਾਪੀ)

    (3) ਪੰਜਾਬ ਸਕੂਲ ਸਿੱਖਿਆ ਬੋਰਡ ਦੇ ਬਰਾਬਰ ਦੀ ਯੋਗਤਾ ਦਾ ਸਮਾਨਤਾ ਪੱਤਰ ਜੋ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਅਕਾਦਿਮਕ ਸ਼ਾਖਾ ਵੱਲੋਂ ਅਸਲ ਸਰਟੀਫਿਕੇਟਾਂ ਦੇ ਅਧਾਰ ਤੇ ਜਾਰੀ ਕੀਤਾ ਜਾਂਦਾ ਹੈ।

    ਸਾਲ/ਸੈਸ਼ਨ 2014-15 ਲਈ ਹੇਠਲੀ ਪਰੀਖਿਆ ਦੂਜੇ ਰਾਜ/ਬੋਰਡ ਤੋਂ ਪਾਸ ਕਰਨ ਵਾਲੇ ਵਿਦਿਆਰਥੀਆਂ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਅਕਾਦਮਿਕ ਸ਼ਾਖਾ ਤੋਂ ਸਮਾਨਤਾ ਪੱਤਰ ਪ੍ਰਾਪਤ ਕਰਕੇ ਲੋੜੀਂਦੇ ਦਸਤਾਵੇਜ਼ ਭਾਵ (ਸਮਾਨਤਾ ਪੱਤਰ, ਅਸਲ ਮਾਈਗਰੇਸ਼ਨ ਸਰਟੀਫਿਕੇਟ/ਸਕੂਲ ਛੱਡਣ ਦਾ ਸਰਟੀਫਿਕੇਟ ਸਬੰਧਤ ਰਾਜ/ਬੋਰਡ ਤੋਂ ਕਾਊਂਟਰ ਸਾਈਨ ਜਾਂ ਜ਼ਿਲ੍ਹਾ ਸਿੱਖਿਆ ਅਧਿਕਾਰੀ ਤੋਂ ਕਾਊਂਟਰ ਸਾਈਨ ਹੋਵੇ ਅਤੇ ਡੀ.ਐਮ.ਸੀ. ਦੀ ਤਸਦੀਕਸ਼ੁਦਾ ਫੋਟੋਕਾਪੀ) ਭੇਜੇ ਜਾਣ। **(ਸਾਲ/ਸੈਸ਼ਨ 2014-15 ਤੋਂ ਦੂਜੇ ਰਾਜ/ਬੋਰਡ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਸਮਾਨਤਾ ਪੱਤਰ ਲੈਣਾ ਲਾਜ਼ਮੀ ਹੈ)।**

    ਆਨਲਾਈਨ ਫਾਰਮ ਭਰਨ ਸਮੇਂ ਵੇਰਵੇ ਦਾਖਲਾ ਖਾਰਜ ਰਜਿਸਟਰ ਮੁਤਾਬਕ ਅਤੇ ਪੂਰੇ ਭਰਨੇ ਜਰੂਰੀ ਹਨ। **Final Submission** ਕਰਨ ਤੋਂ ਬਾਅਦ ਵੇਰਵਿਆ ਵਿੱਚ ਆਨਲਾਈਨ ਕਿਸੇ ਵੀ ਪ੍ਰਕਾਰ ਦੀ ਸੋਧ ਨਹੀਂ ਕੀਤੀ ਜਾ ਸਕੇਗੀ। ਜੇਕਰ ਇਸ ਉਪਰੰਤ ਵਿਦਿਆਰਥੀ ਦੇ ਵੇਰਵੇ ਭਰਨ ਸਮੇਂ ਸਕੂਲ ਵੱਲੋਂ ਕੋਈ ਗਲਤੀ ਹੁੰਦੀ ਹੈ, ਤਾਂ ਇਸ ਦੀ ਜਿੰਮੇਵਾਰੀ ਸਕੂਲ ਮੁੱਖੀ ਦੀ ਆਪਣੀ ਹੋਵੇਗੀ। ਪ੍ਰਿੰਟਡ ਕਾਪੀ ਵਿੱਚ ਹੱਥ ਨਾਲ ਕੀਤੀ ਗਈ ਸੋਧ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਸੋਧ ਕਰਵਾਉਣ ਲਈ ਪਹਿਲਾਂ ਚੱਲ ਰਹੀ ਪ੍ਰਥਾ ਅਨੁਸਾਰ ਰਜਿਸਟਰੇਸ਼ਨ ਸ਼ਾਖਾ, ਮੁੱਖ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਐੱਸ.ਏ.ਐੱਸ. ਨਗਰ ਨਾਲ ਸੰਪਰਕ ਕੀਤਾ ਜਾਵੇ।

    **ਨੌਂਵੀਂ ਸ਼੍ਰੇਣੀ ਲਈ :-**

    1. ਜਿਹੜੇ ਵਿਦਿਆਰਥੀ ਪਹਿਲਾਂ ਬੋਰਡ ਵਿੱਚ ਰਜਿਸਟਰਡ ਨਹੀਂ ਹੋਏ, ਲਈ ਐਨ 1 (**N1**) ਫਾਰਮ ਭਰਿਆ ਜਾਵੇ। ਇਹ ਫਾਰਮ ਕੇਵਲ ਪੰਜਾਬ ਰਾਜ ਵਿੱਚ ਪੜ੍ਹਦੇ ਆ ਰਹੇ ਵਿਦਿਆਰਥੀਆਂ ਲਈ ਭਰਿਆ ਜਾਵੇ। **ਫੀਸ 200/- ਰੁਪਏ ਪ੍ਰਤੀ ਵਿਦਿਆਰਥੀ ਹੋਵੇਗੀ।**

    2. ਜਿਹੜੇ ਵਿਦਿਆਰਥੀ ਕਿਸੇ ਹੋਰ ਰਾਜ/ਬੋਰਡ ਤੋਂ ਅੱਠਵੀਂ ਦੀ ਪਰੀਖਿਆ ਪਾਸ ਕਰਕੇ ਆਏ ਹਨ, ਲਈ ਐਨ 2 (**N2**) ਫਾਰਮ ਭਰਿਆ ਜਾਵੇ। ਆਨਲਾਈਨ ਫਾਰਮ ਭਰਨ ਸਮੇਂ ਅੱਠਵੀਂ ਕਿਸ ਬੋਰਡ ਤੋਂ ਪਾਸ ਕੀਤੀ ਹੈ, ਦਾ ਨਾਂ ਲਾਜ਼ਮੀ ਸਲੈਕਟ ਕੀਤਾ ਜਾਵੇ ਜੇਕਰ ਬੋਰਡ ਦਾ ਨਾਂ ਸੂਚੀ ਵਿੱਚ ਨਾ ਹੋਵੇ ਤਾ Other ਸਲੈਕਟ ਕੀਤਾ ਜਾਵੇ ਅਤੇ ਦਿੱਤੇ ਖਾਨੇ ਵਿੱਚ ਬੋਰਡ ਦਾ ਨਾਮ ਲਿਖਿਆ ਜਾਵੇ। ਇਹਨਾਂ ਵਿਦਿਆਰਥੀਆਂ ਦਾ ਰਜਿਸਟਰੇਸ਼ਨ ਨੰਬਰ ਮੁੱਖ ਦਫਤਰ ਵਿਖੇ ਦਸਤਾਵੇਜ਼ ਵੈਰੀਫਾਈ ਕਰਨ ਉਪਰੰਤ ਹੀ ਜਾਰੀ ਕੀਤਾ ਜਾਵੇਗਾ ਅਤੇ ਆਨਲਾਈਨ ਅਪਡੇਟ ਕਰ ਦਿੱਤਾ ਜਾਵੇਗਾ। **ਫੀਸ 1300/- ਰੁਪਏ ਪ੍ਰਤੀ ਵਿਦਿਆਰਥੀ ਹੋਵੇਗੀ।**

    3. ਜਿਹੜੇ ਵਿਦਿਆਰਥੀ ਪਹਿਲਾਂ ਹੀ ਬੋਰਡ ਵਿੱਚ ਰਜਿਸਟਰਡ ਹਨ, ਲਈ ਐਨ 3 (**N3**) ਫਾਰਮ ਭਰਿਆ ਜਾਵੇ। ਫਾਰਮ ਭਰਨ ਸਮੇਂ ਪਹਿਲਾਂ ਜਾਰੀ ਕੀਤਾ ਰਜਿਸਟਰੇਸ਼ਨ ਨੰਬਰ ਭਰਿਆ ਜਾਵੇ। **ਫੀਸ 200/- ਰੁਪਏ ਪ੍ਰਤੀ ਵਿਦਿਆਰਥੀ ਹੋਵੇਗੀ। ਪਹਿਲਾ ਰਜਿਸਟਡ ਹੋਣ ਸਬੰਧੀ ਸਬੂਤ ਲਈ ਦਸਤਾਵੇਜ਼ ਦੀ ਤਸਦੀਕ ਸ਼ੁਦਾ ਕਾਪੀ ਭੇਜੀ ਜਾਵੇ।**

    **ਦਸਵੀਂ ਸ਼੍ਰੇਣੀ ਲਈ :-**

2. ਜਿਹੜੇ ਵਿਦਿਆਰਥੀ ਪਹਿਲਾਂ ਹੀ ਬੋਰਡ ਵਿੱਚ ਰਜਿਸਟਰਡ ਹਨ, ਲਈ ਐਮ 1 (**M1**) ਫਾਰਮ ਭਰਿਆ ਜਾਵੇ। ਇਸ ਫਾਰਮ ਵਿੱਚ ਪਿਛਲੇ ਸੈਸ਼ਨ ਦੌਰਾਨ ਨੌਵੀਂ ਵਿੱਚ ਰਜਿਸਟਰਡ ਵਿਦਿਆਰਥੀਆਂ ਦੇ ਡਾਟੇ ਵਿੱਚੋਂ ਵਿਦਿਆਰਥੀਆਂ ਨੂੰ Import ਕੀਤਾ ਜਾਵੇ ਅਤੇ ਵਿਦਿਆਰਥੀਆਂ ਵੱਲੋਂ ਲਏ ਵਿਸ਼ੇ ਭਰੇ ਜਾਣ। **Import ਕੀਤੇ ਵਿਦਿਆਰਥੀਆਂ ਦੇ ਵੇਰਵਿਆਂ ਵਿੱਚ ਸਕੂਲ ਵੱਲੋਂ ਕਿਸੇ ਕਿਸਮ ਦੀ ਸੋਧ ਆਨਲਾਈਨ ਨਹੀਂ ਕੀਤੀ ਜਾ ਸਕੇਗੀ ਪ੍ਰੰਤੂ ਵਿਸ਼ਿਆਂ ਦੀ ਸੋਧ ਕਰ ਸਕਦੇ ਹਨ**। ਕੇਵਲ ਕਿਸੇ ਹੋਰ ਸਕੂਲ ਤੋਂ ਆਉਣ ਵਾਲੇ ਵਿਦਿਆਰਥੀਆਂ ਦੀ ਹੀ ਨਵੀਂ ਐਂਟਰੀ ਕੀਤੀ ਜਾ ਸਕੇਗੀ।

2. ਜਿਹੜੇ ਵਿਦਿਆਰਥੀ ਕਿਸੇ ਦੂਜੇ ਰਾਜ/ਬੋਰਡ ਤੋਂ ਨੌਵੀਂ ਦੀ ਪਰੀਖਿਆ ਪਾਸ ਕਰਕੇ ਆਏ ਹਨ, ਲਈ ਐਮ 2 (**M2**) ਫਾਰਮ ਭਰਿਆ ਜਾਵੇ। ਆਨਲਾਈਨ ਫਾਰਮ ਭਰਨ ਸਮੇਂ ਨੌਵੀਂ ਕਿਸ ਬੋਰਡ ਤੋਂ ਪਾਸ ਕੀਤੀ ਹੈ, ਦਾ ਨਾਂ ਲਾਜ਼ਮੀ ਸਲੈਕਟ ਕੀਤਾ ਜਾਵੇ ਜੇਕਰ ਬੋਰਡ ਦਾ ਨਾਂ ਸੂਚੀ ਵਿੱਚ ਨਾ ਹੋਵੇ ਤਾ Other ਸਲੈਕਟ ਕੀਤਾ ਜਾਵੇ ਅਤੇ ਦਿੱਤੇ ਖਾਨੇ ਵਿੱਚ ਬੋਰਡ ਦਾ ਨਾਮ ਲਿਖਿਆ ਜਾਵੇ। ਇਹਨਾਂ ਵਿਦਿਆਰਥੀਆਂ ਦਾ ਰਜਿਸਟਰੇਸ਼ਨ ਨੰਬਰ ਮੁੱਖ ਦਫਤਰ ਵਿਖੇ ਦਸਤਾਵੇਜ਼ ਵੈਰੀਫਾਈ ਕਰਨ ਉਪਰੰਤ ਹੀ ਜਾਰੀ ਕੀਤਾ ਜਾਵੇਗਾ ਅਤੇ ਆਨਲਾਈਨ ਅਪਡੇਟ ਕਰ ਦਿੱਤਾ ਜਾਵੇਗਾ। **ਫੀਸ 1300/- ਰੁਪਏ ਪ੍ਰਤੀ ਵਿਦਿਆਰਥੀ ਹੋਵੇਗੀ।**

5. **ਕੰਟੀਨਿਊਏਸ਼ਨ/ਰਜਿਸਟਰੇਸ਼ਨ ਰਿਟਰਨ ਫਾਰਮ ਆਨ ਲਾਈਨ ਭਰਨ ਅਤੇ ਖੇਤਰੀ ਦਫਤਰ ਵਿੱਚ ਜਮ੍ਹਾਂ ਕਰਵਾਉਣ ਦੀਆ ਮਿਤੀਆਂ ਹੇਠ ਦਰਸਾਏ ਅਨੁਸਾਰ ਹਨ:-**

| **ਵੇਰਵਾ** | **ਆਨਲਾਈਨ ਰਿਟਰਨ ਫਾਰਮ ਭਰਨ ਦੀ ਆਖਰੀ ਮਿਤੀ** | **ਖੇਤਰੀ ਦਫਤਰ ਵਿੱਚ ਫਾਈਨਲ ਪ੍ਰਿੰਟ ਦੀ ਕਾਪੀ ਜਮ੍ਹਾਂ ਕਰਨ ਦੀ ਆਖਰੀ ਮਿਤੀ** |
|---|---|---|
| ਮੁੱਖ ਰਿਟਰਨ ਬਿਨਾਂ ਲੇਟ ਫੀਸ - ਫਾਰਮ ਅਨੁਸਾਰ ਬਣਦੀ ਫੀਸ | ਮਿਤੀ 21.07.2014 ਤੱਕ | ਮਿਤੀ 30.07.2014 ਤੱਕ |
| ਲੇਟ ਰਿਟਰਨ - ਫਾਰਮ ਅਨੁਸਾਰ ਬਣਦੀ ਫੀਸ + **100/-** ਰੁ. ਪ੍ਰਤੀ ਵਿਦਿਆਰਥੀ ਲੇਟ ਫੀਸ + **1000/-** ਰੁ. ਪ੍ਰਤੀ ਵਿਦਿਆਰਥੀ ਜੁਰਮਾਨਾ ਰਾਸ਼ੀ ਸਕੂਲ ਨੂੰ। | ਮਿਤੀ12.08.2014 ਤੱਕ | ਮਿਤੀ 03.09.2014 ਤੱਕ |
| ਲੇਟ ਰਿਟਰਨ- ਫਾਰਮ ਅਨੁਸਾਰ ਬਣਦੀ ਫੀਸ + **100/-**ਰੁ. ਪ੍ਰਤੀ ਵਿਦਿਆਰਥੀ ਲੇਟ ਫੀਸ + **2000/-**ਰੁ. ਪ੍ਰਤੀ ਵਿਦਿਆਰਥੀ ਜੁਰਮਾਨਾ ਰਾਸ਼ੀ ਸਕੂਲ ਨੂੰ। | ਮਿਤੀ 27.08.2014 ਤੱਕ | ਮਿਤੀ 03.09.2014 ਤੱਕ |

ਆਨਲਾਈਨ ਫਾਰਮ ਵਿੱਚ ਪ੍ਰੀਖਿਆਰਥੀਆਂ ਦੇ ਸਹੀ ਵੇਰਵੇ ਭਰਨ ਅਤੇ ਚੈੱਕ ਕਰਨ ਉਪਰੰਤ ਕੈਲਕੂਲੇਟ ਫੀਸ (**Calculate Fee**) ਤੇ ਕਲਿੱਕ ਕੀਤਾ ਜਾਵੇ। ਪ੍ਰੀਖਿਆਰਥੀਆਂ ਦੀ ਗਿਣਤੀ ਅਤੇ ਬਣਦੀ ਫੀਸ ਆਨਲਾਈਨ ਡਿਸਪਲੇ ਹੋਵੇਗੀ, ਇਸ ਨੂੰ ਪ੍ਰਿੰਟ ਕਰ ਲਿਆ ਜਾਵੇ ਅਤੇ ਇਸ ਅਨੁਸਾਰ ਬਣਦੀ ਪੂਰੀ ਫੀਸ ਦਾ ਸਾਰੀਆਂ ਕਲਾਸਾਂ ਲਈ ਇੱਕ ਹੀ ਡਰਾਫਟ ਬਣਾਇਆ ਜਾਵੇ। ਡਰਾਫਟ ਤੋਂ ਬਿਨ੍ਹਾਂ ਕਿਸੇ ਹੋਰ ਤਰੀਕੇ ਨਾਲ ਭਰੀ ਫੀਸ ਜਾਂ ਘੱਟ ਜਾਂ ਜਿਆਦਾ ਫੀਸ ਸਵੀਕਾਰਨਯੋਗ ਨਹੀਂ ਹੋਵੇਗੀ (ਡਰਾਫਟ "Secretary, Punjab School Education Board" ਦੇ ਨਾਂ ਤੇ ਬਣਾਇਆ ਜਾਵੇ ਜੋ ਕਿ Payable at "The place of District Sub Office" ਹੋਵੇ)। ਡਰਾਫਟ ਬਣਵਾਉਣ ਉਪਰੰਤ ਬੋਰਡ ਦਫਤਰ ਦੇ ਸ਼ਡਿਊਲ (ਲੜੀ ਨੰ. 5) ਅਨੁਸਾਰ ਆਖਰੀ ਮਿਤੀ (Registration / Continuation Fee Deposit Slip ਉੱਪਰ ਵੀ ਲਿਖੀ ਹੈ) ਤੋਂ ਪਹਿਲਾਂ-ਪਹਿਲਾਂ **Final Submission** ਤੇ ਕਲਿੱਕ ਕੀਤਾ ਜਾਵੇ ਅਤੇ ਡਰਾਫਟ ਦੇ ਵੇਰਵੇ ਐਂਟਰ ਕੀਤੇ ਜਾਣ। ਇਸ ਉਪਰੰਤ ਸਾਰੇ ਵਿਦਿਆਰਥੀਆਂ ਦੀ ਸੂਚੀ ਪ੍ਰਿੰਟ ਕਰ ਲਈ ਜਾਵੇ। ਇਸ ਦੀ ਪੂਰੀ ਇੱਕ ਕਾਪੀ ਤਿੰਨ ਸਾਲ ਲਈ ਸਕੂਲ ਦੇ ਰਿਕਾਰਡ ਹਿੱਤ ਰੱਖ ਲਈ ਜਾਵੇ ਅਤੇ ਦੂਸਰੀ ਕਾਪੀ ਵਿੱਚੋਂ ਸਿਰਫ ਐੱਨ-1,ਐੱਨ-2,ਐੱਨ-3 ਅਤੇ ਐੱਮ-2 ਰਿਟਰਨ ਫਾਰਮ (ਸਕੂਲ ਮੁੱਖੀ ਵੱਲੋਂ ਤਸਦੀਕ ਕਰਨ ਉਪਰੰਤ) ਸਮੇਤ ਅਸਲ ਡਰਾਫਟ ਅਤੇ ਲੋੜੀਂਦੇ ਜ਼ਰੂਰੀ ਦਸਤਾਵੇਜ ਨੱਥੀ ਕਰਕੇ ਇੱਕ ਵੱਖਰੇ ਲਿਫਾਫੇ ਵਿੱਚ ਪਾਕੇ, ਜਿਸ ਉੱਪਰ ਮੋਟੇ ਅੱਖਰਾਂ ਵਿੱਚ 'ਰਜਿਸਟ੍ਰੇਸ਼ਨ ਸ਼ਾਖਾ' ਅਤੇ ਉਸ ਤੋਂ ਥੱਲੇ 'ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਐੱਸ.ਏ.ਐੱਸ ਨਗਰ' ਲਿਖਿਆ ਜਾਵੇ। ਇਸ ਲਿਫਾਫੇ ਉੱਪਰ ਫਾਰਮ ਵਾਈਜ਼ ਸਮਰੀ ਜੋ ਰਿਟਰਨ ਪ੍ਰਿੰਟ ਕਰਨ ਸਮੇਂ ਆਖਰੀ ਪੰਨੇ ਤੇ ਹੁੰਦੀ ਹੈ ਦੀ ਇੱਕ ਕਾਪੀ ਚਿਪਕਾਈ ਜਾਵੇ। ਇਸ ਲਿਫਾਫੇ ਨੂੰ ਬੋਰਡ ਦਫਤਰ ਦੇ ਸ਼ਡਿਊਲ (ਲੜੀ ਨੰ. 5) ਅਨੁਸਾਰ ਆਖਰੀ ਮਿਤੀ ਤੋਂ ਪਹਿਲਾਂ ਜਿਲ੍ਹਾ ਖੇਤਰੀ ਦਫਤਰ ਵਿੱਚ ਅਤੇ ਇਸ ਮਿਤੀ ਤੋਂ ਬਾਅਦ ਮੁੱਖ ਦਫਤਰ ਵਿਖੇ ਉੱਪਰ ਦਿੱਤੇ ਪਤੇ ਤੇ ਰਜਿਸਟ੍ਰੇਸ਼ਨ ਸ਼ਾਖਾ ਵਿੱਚ ਨਿੱਜੀ ਤੌਰ ਤੇ ਜਮ੍ਹਾਂ ਕਰਵਾਇਆ ਜਾਵੇ। ਕਿਸੇ ਵਿਦਿਆਰਥੀ ਦਾ ਰਜਿਸ਼ਟਰੇਸ਼ਨ ਨੰਬਰ ਸਮੇਂ ਸਿਰ ਨਾ ਅਲਾਟ ਹੋਣ ਦੀ ਸਮੁੱਚੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

**ਨੋਟ:-** 1. ਦਸਵੀਂ ਸ਼੍ਰੇਣੀ (M1 and M2) ਦੇ ਸਕੂਲ ਵੱਲੋਂ ਆਨਲਾਈਨ ਭਰੇ ਡਾਟੇ ਤੋਂ ਹੀ ਪ੍ਰੀ-ਪ੍ਰਿੰਟਡ ਪ੍ਰੀਖਿਆ ਫਾਰਮ ਭੇਜੇ ਜਾਣਗੇ। ਇਸ ਲਈ ਆਨਲਾਈਨ ਐਂਟਰੀ ਧਿਆਨ ਨਾਲ ਕੀਤੀ ਜਾਵੇ।

2. ਨੌਵੀਂ ਅਤੇ ਦਸਵੀਂ ਸ਼੍ਰੇਣੀ ਵਿੱਚ ਪ੍ਰੀਖਿਆਰਥੀਆਂ ਦੇ ਵੇਰਵਿਆਂ ਵਿੱਚ ਸੋਧ ਪਹਿਲਾਂ ਚੱਲ ਰਹੀ ਪ੍ਰਥਾ ਅਨੁਸਾਰ ਮੁੱਖ ਦਫਤਰ ਵਿੱਚ ਰਜਿਸਟਰੇਸ਼ਨ ਸ਼ਾਖਾ ਵੱਲੋਂ ਨਿਰਧਾਰਿਤ ਫੀਸ ਲੈ ਕੇ ਕੀਤੀ ਜਾਵੇਗੀ। ਦਸਵੀਂ ਸ਼੍ਰੇਣੀ ਦੇ ਪ੍ਰੀਖਿਆ ਫਾਰਮ ਮੁੱਖ ਦਫਤਰ ਵਿੱਚ ਪਹੁੰਚਣ ਉਪਰੰਤ ਇਹ ਸੋਧ ਸਬੰਧਤ ਪ੍ਰੀਖਿਆ ਸ਼ਾਖਾ ਵੱਲੋਂ ਨਿਰਧਾਰਿਤ ਫੀਸ ਨਾਲ ਕੀਤੀ ਜਾਵੇਗੀ।

3. ਸਕੂਲ ਵੱਲੋਂ ਬੋਰਡ ਨਾਲ ਕੋਈ ਵੀ ਪੱਤਰ ਵਿਹਾਰ ਕਰਨ ਸਮੇਂ ਸਕੂਲ ਕੋਡ ਅਤੇ ਸ਼ਨਾਖਤੀ ਨੰ. ਲਾਜ਼ਮੀ ਲਿਖਿਆ ਜਾਵੇ।

## ਸਕੂਲ ਮੁੱਖੀ ਵੱਲੋਂ ਸਵੈ ਘੋਸ਼ਣਾ ਪੱਤਰ:-

ਮੇਰੇ (ਸਕੂਲ ਮੁੱਖੀ) ਵੱਲੋਂ ਉਪਰੋਕਤ ਸਾਰੀਆਂ ਹਦਾਇਤਾਂ, ਸ਼ਡਿਊਲ, ਫੀਸ ਅਤੇ ਜੁਰਮਾਨਾ ਨੂੰ ਸ਼ਪਸਟ ਰੂਪ ਵਿੱਚ ਪੜ੍ਹ ਲਿਆ ਗਿਆ ਹੈ ਅਤੇ ਮੈਂ ਇਹਨਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ।

I (Principal/Head Master/Head Mistress) have read above all instructions/schedule and I agree with the same.

☑ ਮੈਂ ਸਹਿਮਤ ਹਾਂ (I Agree)

☐ ਮੈਂ ਸਹਿਮਤ ਨਹੀਂ ਹਾਂ (I do not Agree)

**ਸਕੂਲ ਮੁੱਖੀ ਵੱਲੋਂ ਉਕਤ ਆਨਲਾਈਨ ਦਿੱਤੀ ਸਹਿਮਤੀ ਨੂੰ ਮੁੱਖ ਦਫ਼ਤਰ ਵਿਖੇ ਰਿਕਾਰਡ ਵਜੋਂ ਰੱਖਿਆ ਜਾਵੇਗਾ ।**

**ਡਾਇਰੈਕਟਰ (ਕੰਪਿ.ਸੈਲ)**